BRAMPTON Flower City

brampton.ca

media release

23 ਜਨਵਰੀ, 2019

# ਸਿਟੀ ਆਫ ਬ੍ਰੈਂਪਟਨ ਨੇ ਫਾਈਨੈਂਸ਼ੀਅਲ ਰਿਪੋਰਟਿੰਗ ਲਈ ਪ੍ਰਤਿਸ਼ਠਾਵਾਨ ਅਵਾਰਡ ਜਿੱਤਿਆ

ਬ੍ਰੈਂਪਟਨ, ਓਨਟੈਰੀਓ – ਆਪਣੇ 17ਵੇਂ ਨਿਰੰਤਰ ਸਾਲ ਲਈ, ਸਿਟੀ ਆਫ ਬ੍ਰੈਂਪਟਨ (City of Brampton) ਨੇ ਸਿਟੀ ਦੀ 2017 ਸਾਲਾਨਾ ਵਿੱਤੀ ਰਿਪੋਰਟ (Annual Financial Report) ਦੀ ਮਾਨਤਾ ਵਿੱਚ ਫਾਈਨੈਂਸ਼ੀਅਲ ਰਿਪੋਰਟਿੰਗ (Financial Reporting) ਵਿੱਚ ਕੈਨੇਡਿਅਨ ਅਵਾਰਡ ਫਾਰ ਐਕਸੀਲੈਂਸ (Canadian Award for Excellence) ਪ੍ਰਾਪਤ ਕੀਤਾ ਹੈ।

ਇਹ ਅਵਾਰਡ ਅਮਰੀਕਾ (United States) ਅਤੇ ਕੈਨੇਡਾ (Canada) ਦੀ ਗਵਰਨਮੈਂਟ ਫਾਈਨੈਂਸ ਔਫਿਸਰਸ ਐਸੋਸੀਏਸ਼ਨ (ਜੀ.ਐਫ.ਓ.ਏ.) (Government Finance Officers Association) (GFOA) ਦੀ ਪਹਿਲਕਦਮੀ ਹੈ।

**ਇਸ ਅਵਾਰਡ ਵਾਸਤੇ ਯੋਗ ਹੋਣ ਲਈ, ਸਿਟੀ ਲਈ ਜ਼ਰੂਰੀ ਸੀ:**

- ਆਮ ਤੌਰ ਤੇ ਸਵੀਕਾਰ ਕੀਤੇ ਜਾਣ ਵਾਲੇ ਲੇਖਾ ਸਿਧਾਂਤਾਂ (ਜੀ.ਏ.ਏ.ਪੀ.) (Generally Accepted Accounting Principles) (GAAP) ਦੀਆਂ ਨਿਊਨਤਮ ਸ਼ਰਤਾਂ ਨੂੰ ਪਾਰ ਕਰਨਾ, ਜਿਵੇਂ ਕਿ ਕੈਨੇਡਾ ਦੇ ਚਾਰਟਰਡ ਪ੍ਰੋਫੈਸ਼ਨਲ ਅਕਾਉਂਟੈਂਟਸ (ਸੀ.ਪੀ.ਏ.) (Chartered Professional Accountants) (CPA) ਦੇ ਪਬਲਿਕ ਸੈਕਟਰ ਅਕਾਉਂਟਿੰਗ ਬੋਰਡ (ਪੀ.ਐਸ.ਏ.ਬੀ.) (Public Sector Accounting Board) (PSAB) ਵੱਲੋਂ ਤੈਅ ਕੀਤਾ ਗਿਆ ਹੈ।
- ਗਹਿਰਾਈ ਨਾਲ ਪਾਰਦਰਸ਼ਕਤਾ ਅਤੇ ਪੂਰੇ ਪ੍ਰਗਟਾਵੇ ਦੇ ਨਾਲ, ਵਿਆਪਕ ਅਤੇ ਉੱਚ-ਕਿਸਮ ਦੀ ਸਾਲਾਨਾ ਵਿੱਤੀ ਰਿਪੋਰਟ ਤਿਆਰ ਕਰਨਾ।

**ਹਵਾਲਾ**

"ਸਾਡੇ ਟੈਕਸਪੇਅਰ ਪੂਰੀ ਪਾਰਦਰਸ਼ਕਤਾ ਅਤੇ ਠੋਸ ਵਿੱਤੀ ਪੱਧਤੀਆਂ ਦੀ ਆਸ ਕਰਦੇ ਹਨ। ਫਾਈਨੈਂਸ਼ੀਅਲ ਰਿਪੋਰਟਿੰਗ ਲਈ ਪ੍ਰਤਿਸ਼ਠਾਵਾਨ ਜੀ.ਐਫ.ਓ.ਏ. (GFOA) ਅਵਾਰਡ ਜਿੱਤਣਾ, ਸਾਡੇ ਨਾਗਰਿਕਾਂ ਦੇ ਪ੍ਰਤੀ ਸਾਡੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ ਅਤੇ ਸਾਡੀ ਸਾਖ ਨੂੰ ਮਜ਼ਬੂਤ ਬਣਾਉਂਦਾ ਹੈ, ਕਿਉਂਕਿ ਅਸੀਂ ਲਗਾਤਾਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨਿਵੇਸ਼ਕਾਂ ਨੂੰ ਬ੍ਰੈਂਪਟਨ ਵੱਲ ਆਕਰਸ਼ਿਤ ਕਰ ਰਹੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca